ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ
(ਕੋਆਰਡੀਨੇਸ਼ਨ ਸ਼ਾਖਾ)

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ/ਐਸਿ), ਪੰਜਾਬ।
2. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/10-2020 ਕੋ (1)/2020118835
ਮਿਤੀ. 28.05.2020

ਵਿਸ਼ਾ: **iGOT (Integrated Government Online Training) courses on DIKSHA platform on COVID-19 pandemic ਦੀ ਟ੍ਰੇਨਿੰਗ ਲੈਣ ਸਬੰਧੀ ਹਦਾਇਤਾਂ।**

1. ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ (ਟ੍ਰੇਨਿੰਗ ਸ਼ਾਖਾ) ਦਾ ਪੱਤਰ ਨੰ: **PERS-TRGOTC/18/2020/e-26512-4TRG/1/22808/2020** ਮਿਤੀ 07.05.2020 ਰਾਹੀਂ **role specific iGOT training** ਪ੍ਰਾਪਤ ਕਰਨ ਲਈ ਹਦਾਇਤਾਂ ਪ੍ਰਾਪਤ ਹੋਈਆਂ ਸਨ। ਇਨ੍ਹਾਂ ਹਦਾਇਤਾਂ ਦੇ ਨਾਲ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ, ਭਾਰਤ ਸਰਕਾਰ ਵੱਲੋਂ **Healthcare professional and volunteers** ਲਈ ਸੁਝਾਏ ਗਏ ਟ੍ਰੇਨਿੰਗ ਮਡਿਊਲਜ਼ ਦਾ ਵਿਸਥਾਰ ਦਰਸਾਉਂਦਾ ਪੱਤਰ ਨੰ: **Z.20015/127/2019-ME.I (Pt.I)** ਮਿਤੀ 20.04.2020 ਵੀ ਨੱਥੀ ਸੀ। ਟ੍ਰੇਨਿੰਗ ਸਬੰਧੀ ਇਨ੍ਹਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਲਈ ਵਿਭਾਗ ਵੱਲੋਂ ਪੱਤਰ ਨੰ: 15/10-2020 ਕੋ (1)/2020115687 ਮਿਤੀ 19.05.2020 ਲਿਖਿਆ ਗਿਆ ਸੀ।

2. ਇਸ ਪੱਤਰ ਨੂੰ ਘੋਖਣ ਉਪਰੰਤ ਇਹ ਮਹਿਸੂਸ ਕੀਤਾ ਗਿਆ ਹੈ ਕਿ ਵਿਭਾਗ ਦੇ ਅਧਿਕਾਰੀਆਂ/ਕਰਮਚਾਰੀਆਂ ਲਈ ਭਾਰਤ ਸਰਕਾਰ, ਸਿਹਤ ਵਿਭਾਗ ਦੇ ਉਕਤ ਪੱਤਰ ਨਾਲ ਨੱਥੀ ਅਨੁੱਲਗ-II ਦੇ **"Volunteering"** ਰੋਲ ਅਧੀਨ ਦਰਜ਼ ਟ੍ਰੇਨਿੰਗ ਮਡਿਊਲਜ਼ ਰਾਹੀਂ ਟ੍ਰੇਨਿੰਗ ਪ੍ਰਾਪਤ ਕਰਨਾ ਲਾਹੇਵੰਦ ਸਾਬਤ ਹੋ ਸਕਦਾ ਹੈ। ਇਸ ਲਈ ਆਪ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਕਤ ਰੋਲ ਅਧੀਨ ਦਰਸਾਏ ਟ੍ਰੇਨਿੰਗ ਮਡਿਊਲਜ਼ ਅਨੁਸਾਰ DIKSHA app ਤੋਂ ਟ੍ਰੇਨਿੰਗ ਪ੍ਰਾਪਤ ਕਰ ਲਈ ਜਾਵੇ।

3. ਜੇਕਰ ਟ੍ਰੇਨਿੰਗ ਲੈਣ ਵਿੱਚ ਕਿਸੇ ਕਿਸਮ ਦੀ ਸੱਮਸਿਆ ਆਉਦੀ ਹੈ ਤਾਂ ਆਪ ਵੱਲੋਂ https://youtu.be/bZON7v6Los4 youtube ਦੇ ਲਿੰਕ ਤੇ ਜਾ ਕੇ ਸਹਾਇਤਾ ਲਈ ਜਾ ਸਕਦੀ ਹੈ। ਪ੍ਰੰਤੂ ਜੇਕਰ ਫਿਰ ਵੀ ਟ੍ਰੇਨਿੰਗ ਲੈਣ ਵਿੱਚ ਕੋਈ ਦਿੱਕਤ ਆ ਰਹੀ ਹੈ ਤਾਂ DIKSHA app ਤੇ ਹੇਠ ਲਿਖੇ ਸਟੇਪ ਅਨੁਸਾਰ ਟ੍ਰੇਨਿੰਗ ਪ੍ਰਾਪਤ ਕੀਤੀ ਜਾ ਸਕਦੀ ਹੈ:-

ਸਟੇਪ-1 ਆਪਣੇ ਮੋਬਾਇਲ ਦੇ ਪਲੇਅ ਸਟੋਰ ਤੋਂ DIKSHA app ਡਾਊਨਲੋਡ ਕਰੋ।

ਸਟੇਪ-2 ਐਪ ਡਾਊਨਲੋਡ ਹੋਣ ਉਪਰੰਤ ਐਪ ਵਿੱਚ ਆਪਣੀ ਭਾਸ਼ਾ (ਪੰਜਾਬੀ) ਦਰਜ ਕਰੋ ਅਤੇ ਜਾਰੀ ਰੱਖੋ ਤੇ ਕਲਿਕ ਕਰੋ।

ਸਟੇਪ-3 ਆਪਣੀ ਕੈਟਾਗਰੀ ਤੇ ਕਲਿਕ ਕਰੋ (ਅਧਿਆਪਕਾਂ, ਵਿਦਿਆਰਥੀ ਜਾਂ ਅਦਰ)

ਸਟੇਪ-4 ਬੋਰਡ ਚੁਣੋ ਤੇ ਕਲਿਕ ਕਰੋ ਅਤੇ iGOT health ਸਲੈਕਟ ਕਰੋ ਅਤੇ ਜਮ੍ਹਾਂ ਕਰੋ ਤੇ ਕਲਿਕ ਕਰੋ।

ਸਟੇਪ-5 ਮਾਧਿਅਮ ਚੁਣੋ ਤੇ ਕਲਿਕ ਕਰੋ ਅਤੇ ਆਪਣਾ ਮਾਧਿਅਮ (ਪੰਜਾਬੀ) ਚੁਣਕੇ ਜਮਾਂ ਕਰੋ ਤੇ ਕਲਿਕ ਕਰੋ।

ਸਟੇਪ-6 ਕਲਾਸ ਤੇ ਕਲਿਕ ਕਰੋ ਅਤੇ ਅਦਰ ਸਟੇਟ ਆਫੀਸ਼ੀਅਲ ਸਲੈਕਟ ਕੀਤਾ ਜਾਵੇ ਅਤੇ ਜਾਰੀ ਰੱਖੋ ਤੇ ਕਲਿਕ ਕਰੋ।

ਸਟੇਪ-7 ਆਪਣਾ ਰਾਜ ਤੇ ਕਲਿਕ ਕਰਕੇ ਪੰਜਾਬ ਸਲੈਕਟ ਕਰੋ।

ਸਟੇਪ-8 ਆਪਣਾ ਜਿਲ੍ਹਾ ਸਲੈਕਟ ਕਰੋ

ਸਟੇਪ-9 ਉਪਰੋਕਤ ਸਭ ਕੁਝ ਕਰਨ ਉਪਰੰਤ DIKSHA ਐਪ ਵਿੱਚ ਇੱਕ ਪੇਜ਼ ਖੁੱਲ੍ਹ ਜਾਵੇਗਾ ਜਿਸਦੇ ਨੀਚੇ ਵਾਲੇ ਪਾਸੇ ਸਿਖਲਾਈ ਤੇ ਕਲਿਕ ਕਰੋ।

ਸਟੇਪ-10 ਸਕਰੀਨ ਦੇ ਸਭ ਤੋਂ ਉਪਰ "ਸਭ ਨੂੰ ਵੇਖੋ" ਤੇ ਕਲਿਕ ਕਰੋ, ਕੋਰਸ ਦੀ ਇੱਕ ਲਿਸਟ ਖੁੱਲ ਜਾਵੇਗੀ ਜਿਸ ਵਿੱਚੋ ਕੋਡਿਵ ਅਵੈਅਰਨੇਸ ਪੰਜਾਬੀ ਜਾਂ ਬੈਸਿਕ ਆਫ ਕੋਵਿਡ-19 ਤੇ ਕਲਿਕ ਕਰੋ।

ਸਟੇਪ-11 ਸਿਖਲਾਈ ਵਿੱਚ ਸ਼ਾਮਿਲ ਹੋਵੋ ਤੇ ਕਲਿਕ ਕਰੋ, ਲਾਗਿਨ ਦੀ ਆਪਸ਼ਨ ਆਵੇਗੀ। ਲਾਗਿਨ ਤੇ ਕਲਿਕ ਕਰੋ।

ਸਟੇਪ-12 ਸਭ ਤੋਂ ਨੀਚੇ ਰਜਿਸਟਰ ਹੇਅਰ ਤੇ ਕਲਿਕ ਕਰੋ।

ਸਟੇਪ-13 ਇੱਕ ਨਵਾਂ ਪੇਜ਼ ਖੁਲੇਗਾ ਜਿਸ ਵਿੱਚ ਆਪਣਾ ਨਾਮ, ਮੋਬਾਈਲ ਨੰਬਰ ਅਤੇ ਆਪਣੇ ਵੱਲੋਂ ਕੋਈ ਵੀ ਪਾਸਵਰਡ (ਆਪਣੇ ਵੱਲੋਂ ਕੋਈ ਵੀ ਪਾਸਵਰਡ ਦਰਜ ਕੀਤਾ ਜਾਵੇ) ਪਾ ਦਿੱਤਾ ਜਾਵੇ ਅਤੇ **I agree to terms and condition** ਬਾਕਸ ਨੂੰ ਸਲੈਕਟ ਕਰਕੇ ਰਜਿਸਟਰ ਤੇ ਕਲਿਕ ਕੀਤਾ ਜਾਵੇ। ਤੁਹਾਡੇ ਮੋਬਾਈਲ ਨੰਬਰ ਤੇ ਇੱਕ OTP ਆਵੇਗਾ ਜਿਸ ਨੂੰ ਫੀਡ ਕਰਕੇ ਆਪ ਜੀ ਦਾ ਲੋਗਿਨ ਹੋ ਜਾਵੇਗਾ।

ਸਟੇਪ-14 ਆਪਣਾ ਮੋਬਾਈਲ ਨੰ: ਅਤੇ ਪਾਸਵਰਡ ਪਾਕੇ ਲੋਗਿਨ ਕਰ ਲਿਆ ਜਾਵੇ।

ਸਟੇਪ-15 ਬੋਰਡ ਚੁਣੋ ਤੇ ਕਲਿਕ ਕਰੋ ਅਤੇ iGOT health ਸਲੈਕਟ ਕਰੋ ਅਤੇ ਜਮ੍ਹਾਂ ਕਰੋ ਤੇ ਕਲਿਕ ਕਰੋ।

ਸਟੇਪ-16 ਮਾਧਿਅਮ ਚੁਣੋ ਤੇ ਕਲਿਕ ਕਰੋ ਅਤੇ ਆਪਣਾ ਮਾਧਿਅਮ (ਪੰਜਾਬੀ) ਚੁਣਕੇ ਜਮਾਂ ਕਰੋ ਤੇ ਕਲਿਕ ਕਰੋ।

ਸਟੇਪ-17 ਕਲਾਸ ਤੇ ਕਲਿਕ ਕਰੋ ਅਤੇ ਅਦਰ ਸਟੇਟ ਆਫੀਸ਼ੀਅਲ ਸਲੈਕਟ ਕੀਤਾ ਜਾਵੇ ਅਤੇ ਜਾਰੀ ਰੱਖੋ ਤੇ ਕਲਿਕ ਕਰੋ।

ਸਟੇਪ-18 ਸਿਖਲਾਈ ਤੇ ਜਾ ਕੇ ਟ੍ਰੇਨਿੰਗ ਪ੍ਰਾਪਤ ਕਰ ਲਈ ਜਾਵੇ।

4. ਸਾਰੇ ਸਟੈਪ ਕਰਨ ਉਪਰੰਤ ਆਪ ਦੀ ਪ੍ਰੋਫਾਈਲ ਕੰਪਲੀਟ ਹੋ ਜਾਵੇਗੀ। ਟ੍ਰੇਨਿੰਗ ਪੂਰੀ ਕਰ ਲੈਣ ਤੇ 24 ਤੋਂ 48 ਘੰਟੇ ਬਾਅਦ ਆਪ ਜੀ ਦੀ ਪ੍ਰੋਫਾਈਲ ਤੇਂ ਲਈ ਗਈ ਟ੍ਰੇਨਿੰਗ ਦਾ ਸਰਟੀਫਿਕੇਟ ਆ ਜਾਵੇਗਾ। ਸਿਖਲਾਈ ਪੂਰੀ ਹੋਣ ਦਾ ਸਰਟੀਫਿਕੇਟ ਪ੍ਰਸੋਨਲ ਵਿਭਾਗ ਦੀਆ ਹਦਾਇਤਾਂ ਅਨੁਸਾਰ iHRMS ਪੋਰਟਲ ਤੇ ਅਪਲੋਡ ਕੀਤਾ ਜਾਣਾ ਹੈ।

8.5.2020

ਸਹਾਇਕ ਡਾਇਰੈਕਟਰ (ਕੋ. ਸ਼ਾਖਾ)